Punjabi - Number 16
September 2010

# ਹਾਇਮੋਫਿਲਸ ਇਨਫਲੂਐਂਜ਼ਈ ਟਾਈਪ ਬੀ (Hib) ਵੈਕਸੀਨ

## *Haemophilus Influenzae* Type b (Hib) Vaccine

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੇ ਟੀਕੇ ਸਮੇਂ ਸਿਰ ਲਵਾਉ।**

ਸਾਰੇ ਟੀਕੇ ਸਮੇਂ ਸਿਰ ਲਵਾਉਣ ਨਾਲ ਤੁਹਾਡੇ ਬੱਚੇ ਦਾ ਉਮਰ ਭਰ ਲਈ ਕਈ ਬੀਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

ਇਮਿਊਨਾਇਜ਼ੇਸ਼ਨ ਨੇ ਪਿਛਲੇ 50 ਸਾਲਾਂ ਵਿਚ ਕੈਨੇਡਾ ਵਿਚ ਸਿਹਤ ਦੇ ਕਿਸੇ ਵੀ ਹੋਰ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

### Hib ਵੈਕਸੀਨ ਕੀ ਹੈ?

Hib ਵੈਕਸੀਨ ਇਕ ਜਰਮ (ਬੈਕਟੀਰੀਆ) ਜਿਸ ਨੂੰ *ਹਾਇਮੋਫਿਲਸ ਇਨਫਲੂਐਂਜ਼ਈ* ਟਾਈਪ ਬੀ ਜਾਂ Hib ਆਖਦੇ ਹਨ, ਤੋਂ ਹੋਣ ਵਾਲੀ ਇਨਫੈਕਸ਼ਨ ਤੋਂ ਬਚਾਅ ਕਰਦਾ ਹੈ। ਇਸਦੇ ਨਾਂ ਦੇ ਬਾਵਜੂਦ ਇਹ ਬੀਮਾਰੀ ਇਨਫਲੂਐਂਜ਼ਾ ਜਾਂ "ਫਲੂ" ਵਰਗੀ ਨਹੀਂ ਹੈ। ਵੈਕਸੀਨ ਹੈਲਥ ਕੈਨੇਡਾ ਵੱਲੋਂ ਪ੍ਰਵਾਨਿਤ ਹੈ।

Hib ਵੈਕਸੀਨ ਤੁਹਾਡੇ ਬੱਚੇ ਦੀ ਬਾਕਾਇਦਾ ਇਮਿਊਨਾਇਜ਼ੇਸ਼ਨ ਦੇ ਇਕ ਹਿੱਸੇ ਵਜੋਂ ਮੁਫਤ ਮੁਹੱਈਆ ਕੀਤਾ ਜਾਂਦਾ ਹੈ। ਐਪੁਆਇੰਟਮੈਂਟ ਬਣਾਉਂਣ ਵਾਸਤੇ ਆਪਣੇ ਸਥਾਨਕ ਪਬਲਿਕ ਹੈਲਥ ਨਰਸ ਜਾਂ ਡਾਕਟਰ ਨੂੰ ਫੋਨ ਕਰੋ।

### Hib ਵੈਕਸੀਨ ਕਿਸ ਨੂੰ ਲੈਣਾ ਚਾਹੀਦਾ ਹੈ?

2 ਅਤੇ 59 ਮਹੀਨਿਆਂ ਦੇ ਦਰਮਿਆਨ ਦੀ ਉਮਰ (5 ਸਾਲ ਤੋਂ ਘੱਟ) ਦੇ ਬੱਚਿਆਂ ਨੂੰ Hib ਵੈਕਸੀਨ ਲਵਾਉਣਾ ਚਾਹੀਦਾ ਹੈ। ਇਹ ਆਮ ਤੌਰ 'ਤੇ ਹੋਰ ਵੈਕਸੀਨਾਂ ਜਿਵੇਂ ਟੈਟਨਸ, ਡਿਫਥੇਰੀਆ, ਪ੍ਰਟੂਸਿਸ, ਹੈੱਪਾਟਾਈਟਿਸ ਬੀ, ਅਤੇ ਪੋਲੀਓ ਦੇ ਨਾਲ ਇਕੱਠਿਆਂ ਕਰਕੇ ਲਾਇਆ ਜਾਂਦਾ ਹੈ। ਵਧੇਰੇ ਜਾਣਕਾਰੀ ਲਈ HealthLink BC File (ਹੈੱਲਥਲਿੰਕ ਬੀ.ਸੀ. ਫ਼ਾਈਲ) #105 ਡਿਫਥੇਰੀਆ, ਟੈਟਨਸ, ਪ੍ਰਟੂਸਿਸ, ਹੈੱਪਾਟਾਈਟਿਸ ਬੀ, ਪੋਲੀਓ ਅਤੇ *ਹਾਇਮੋਫਿਲਸ ਇੰਨਫਲੂਐਂਜ਼ਈ* ਟਾਈਪ ਬੀ (DTaP-HB-IPV-Hib) ਵੈਕਸੀਨ ਵੇਖੋ।

ਕੁਝ ਖਾਸ ਮੈਡੀਕਲ ਹਾਲਤਾਂ ਵਾਲੇ 5 ਸਾਲ ਤੋਂ ਛੋਟੀ ਉਮਰ ਦੇ ਕੁਝ ਲੋਕਾਂ ਨੂੰ Hib ਇਨਫੈਕਸ਼ਨ ਦਾ ਖਤਰਾ ਵਧੇਰੇ ਹੁੰਦਾ ਹੈ। ਵੈਕਸੀਨ ਦੀ ਖੁਰਾਕ ਹੇਠ ਲਿਖੀਆਂ ਹਾਲਤਾਂ ਵਾਲੇ ਲੋਕਾਂ ਨੂੰ ਮੁਫਤ ਮੁਹੱਈਆ ਕੀਤੀ ਜਾਂਦੀ ਹੈ:

- ਤਿੱਲੀ ਨਹੀਂ ਹੈ, ਜਾਂ ਤਿੱਲੀ, ਜਿਹੜੀ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੀ
- ਸਿੱਕਲ ਸੈੱਲ ਦੀ ਬੀਮਾਰੀ
- ਕਿਸੇ ਬਿਮਾਰੀ ਜਾਂ ਡਾਕਟਰੀ ਇਲਾਜ ਨਾਲ ਇਮਿਊਨ ਸਿਸਟਮ ਕਮਜ਼ੋਰ ਹੋਇਆ ਹੋਵ
- ਇਕ ਆਈਲੈੱਟ ਸੈੱਲ ਜਾਂ ਸਾਬਤ ਅੰਗ ਦੂਜੇ ਥਾਂ ਲਾਉਂਣਾ, ਜਾਂ ਕੋਂਚਲੀਅਰ (ਅੰਦਰੂਨੀ ਕੰਨ) ਬਦਲਨਾ, ਜਾਂ ਅਜਿਹੇ ਕੁਝ ਲਈ ਉਡੀਕ ਕਰ ਰਹੇ ਹਨ
- ਸਟੈੱਮ ਸੈੱਲ ਦੂਜੇ ਥਾਂ ਲਾਇਆ ਗਿਆ।

ਲਈਆਂ ਗਈਆਂ ਸਾਰੀਆਂ ਇਮਿਊਨਾਇਜ਼ੇਸ਼ਨਾਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

### Hib ਵੈਕਸੀਨ ਦੇ ਫਾਇਦੇ

Hib ਵੈਕਸੀਨ ਤੁਹਾਡੇ ਬੱਚੇ ਦੇ Hib ਇਨਫੈਕਸ਼ਨ ਤੋਂ ਬਚਾਅ ਦਾ ਸਭ ਤੋਂ ਉੱਤਮ ਤਰੀਕਾ ਹੈ, ਜਿਹੜੀ ਗੰਭੀਰ ਹੈ ਅਤੇ ਕਦੀ ਕਦੀ ਜਾਨਲੇਵਾ ਬੀਮਾਰੀ ਵੀ ਹੋ ਸਕਦੀ ਹੈ।

ਜਦੋਂ ਤੁਸੀਂ ਆਪਣੇ ਬੱਚੇ ਨੂੰ ਵੈਕਸੀਨ ਲਵਾ ਲੈਂਦੇ ਹੋ ਤਾਂ ਤੁਸੀਂ ਨਾਲ ਹੀ ਦੂਜਿਆਂ ਦੇ ਬਚਾਅ ਵਿਚ ਮਦਦ ਕਰਦੇ ਹੋ।

### ਵੈਕਸੀਨ ਤੋਂ ਮਗਰੋਂ ਦੇ ਸੰਭਵ ਰੀਐਕਸ਼ਨ

ਵੈਕਸੀਨ ਬਹੁਤ ਸੁਰੱਖਿਅਤ ਹਨ। *ਹਾਇਮੋਫਿਲਸ ਇਨਫਲੂਐਂਜ਼ਈ* ਟਾਈਪ ਬੀ ਨਾਲ ਬੀਮਾਰ ਹੋਣ ਨਾਲੋਂ ਇਹ ਕਿਤੇ ਸੁਰੱਖਿਅਤ ਹੈ ਵੈਕਸੀਨ ਲਗਵਾ ਲੈਣਾ।

ਵੈਕਸੀਨ ਦੇ ਆਮ ਰੀਐਕਸ਼ਨਾਂ 'ਚ ਸ਼ਾਮਲ ਹੋ ਸਕਦੇ ਹਨ, ਬੁਖਾਰ ਅਤੇ ਜਿਸ ਥਾਂ ਟੀਕਾ ਲੱਗਿਆ ਹੋਵੇ ਉਥੋਂ ਦੁੱਖਣਾ, ਸੁਜਣਾ ਜਾਂ ਲਾਲ ਹੋਣਾ।

Acetaminophen ਜਾਂ Tylenol® ਬੁਖਾਰ ਲਈ ਅਤੇ ਦੁਖਣ ਤੋਂ ਦਿੱਤੀ ਜਾ ਸਕਦੀ ਹੈ। ASA ਜਾਂ Aspirin® ਰੇ ਸਿੰਡਰੋਮ ਦੇ ਖਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਕੋਈ ਵੀ ਵੈਕਸੀਨ ਲੈਣ ਤੋਂ ਮਗਰੋਂ 15 ਮਿੰਟ ਕਲੀਨਿਕ ਵਿਚ ਰੁਕਣਾ ਮਹੱਤਵਪੂਰਨ ਹੈ ਕਿਉਂਕਿ ਭਾਵੇਂ ਬੇਹੱਦ ਹੀ ਘੱਟ, ਇਕ ਜਾਨ ਦੇ ਖਤਰੇ ਵਾਲੀ ਐਲਰਜੀ ਰੀਐਕਸ਼ਨ ਦੀ ਸੰਭਾਵਨਾ ਹੁੰਦੀ ਹੈ, ਜਿਸਨੂੰ ਐਨਾਫਾਇਲੈਕਸਿਸ ਕਿਹਾ ਜਾਂਦਾ ਹੈ। ਇਸ ਨਾਲ ਛਪਾਕੀ, ਸਾਹ ਲੈਣ ਵਿਚ ਤਕਲੀਫ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਹੋ ਸਕਦੀ ਹੈ। ਜੇਕਰ ਇੰਜ ਤੁਹਾਡੇ ਕਲੀਨਿਕ ਵਿਚੋਂ ਨਿਕਲ ਆਉਣ ਤੋਂ ਮਗਰੋਂ ਹੁੰਦਾ ਹੈ ਤਾਂ 911 ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਫੋਨ ਕਰੋ। ਇਸ ਰੀਐਕਸ਼ਨ ਦਾ ਇਲਾਜ ਹੋ ਸਕਦਾ ਹੈ ਅਤੇ ਇਹ ਵੈਕਸੀਨ ਲੈਣ ਵਾਲੇ ਇਕ ਮਿਲੀਅਨ ਲੋਕਾਂ ਵਿਚੋਂ ਇਕ ਤੋਂ ਵੀ ਘੱਟ ਜਣੇ ਨੂੰ ਹੁੰਦਾ ਹੈ।

**ਗੰਭੀਰ ਜਾਂ ਅਚਨਚੇਤ ਰੀਐਕਸ਼ਨਾਂ ਦੀ ਰਿਪੋਰਟ ਆਪਣੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨੂੰ ਕਰੋ।**

## ਕਿਸ ਨੂੰ Hib ਵੈਕਸੀਨ ਨਹੀਂ ਲਗਵਾਉਂਣਾ ਚਾਹੀਦਾ?

ਜੇਕਰ ਤੁਹਾਡੇ ਬੱਚੇ ਨੂੰ Hib ਵੈਕਸੀਨ ਜਾਂ ਵੈਕਸੀਨ ਵਿਚਲੀ ਕਿਸੇ ਚੀਜ਼ ਦੀ ਕਿਸੇ ਪਹਿਲਾਂ ਦਿੱਤੀ ਖੁਰਾਕ ਨਾਲ ਜਾਨ ਦੇ ਖਤਰੇ ਵਾਲਾ ਰੀਐਕਸ਼ਨ ਹੋਇਆ ਹੋਵੇ ਤਾਂ ਕਿਸੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨਾਲ ਗੱਲ ਕਰੋ।

## *ਹਾਇਮੋਫਿਲਸ ਇਨਫਲੂਐਂਜ਼ਈ* ਟਾਈਪ ਬੀ (Hib) ਇਨਫੈਕਸ਼ਨ ਕੀ ਹੈ?

Hib ਇਨਫੈਕਸ਼ਨ ਇਕ ਜਰਮ (ਜਾਂ ਬੈਕਟੀਰੀਆ) ਜਿਸ ਨੂੰ *ਹਾਇਮੋਫਿਲਸ ਇਨਫਲੂਐਂਜ਼ਈ* ਟਾਈਪ ਬੀ ਕਹਿੰਦੇ ਹਨ, ਦੁਆਰਾ ਪੈਦਾ ਕੀਤੀ ਜਾਂਦੀ ਹੈ। ਇਹ ਆਮ ਤੌਰ 'ਤੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਲੱਗਦੀ ਹੈ। ਬੀਮਾਰੀ ਤੋਂ ਬਚਾਅ ਲਈ ਵੈਕਸੀਨ ਲੱਗਣੇ ਸ਼ੁਰੂ ਹੋਣ ਤੋਂ ਪਹਿਲਾਂ 6 ਤੋਂ 12 ਮਹੀਨਿਆਂ ਦੀ ਉਮਰ ਦੇ ਛੋਟੇ ਬਾਲਾਂ ਨੂੰ ਇਨਫੈਕਸ਼ਨ ਹੋਣ ਦਾ ਖਤਰਾ ਜ਼ਿਆਦਾ ਸੀ।

Hib ਨਾਲ ਗੰਭੀਰ ਅਤੇ ਜਾਨ ਦੇ ਖਤਰੇ ਵਾਲੀਆਂ ਇਨਫੈਕਸ਼ਨਾਂ ਹੋ ਸਕਦੀਆਂ ਹਨ, ਜਿੰਨ੍ਹਾਂ 'ਚ ਸ਼ਾਮਲ ਹੈ ਮੈਨਿੰਜਾਈਟਿਸ, ਝਿੱਲੀ, ਜਿਹੜੀ ਦਿਮਾਗ ਨੂੰ ਢੱਕਦੀ ਹੈ ਉਸਦੀ ਇਨਫੈਕਸ਼ਨ, ਅਤੇ ਸੈਪਟੀਸੇਮੀਆ, ਖੂਨ ਦੀ ਇਕ ਇਨਫੈਕਸ਼ਨ। ਹਰੇਕ 20 ਬੱਚਿਆਂ ਵਿਚੋਂ, ਜੋ ਬੀਮਾਰ ਹੁੰਦੇ ਹਨ, ਇਕ ਮਰ ਜਾਵੇਗਾ। ਇਨਫੈਕਸ਼ਨ ਦੀਆਂ ਸਥਾਈ ਜਟਿਲਤਾਵਾਂ 'ਚ ਸ਼ਾਮਲ ਹੈ ਦਿਮਾਗ ਦਾ ਨੁਕਸਾਨ ਅਤੇ ਬੋਲ਼ਾਪਣ।

Hib ਬੈਕਟੀਰੀਆ ਇਕ ਗੰਭੀਰ ਅਤੇ ਜਾਨ ਦੇ ਖਤਰੇ ਵਾਲੀ ਗਲੇ ਦੀ ਇਨਫੈਕਸ਼ਨ ਵੀ ਪੈਦਾ ਕਰ ਸਕਦਾ ਹੈ ਜਿਸ ਨੂੰ ਐਪੀਗਲੋਟਿੱਟਸ ਆਖਦੇ ਹਨ। ਇਸ ਇਨਫੈਕਸ਼ਨ ਨਾਲ ਬੱਚੇ ਨੂੰ ਸਾਹ ਲੈਣ 'ਚ ਅਤਿ ਗੰਭੀਰ ਮੁਸ਼ਕਿਲ ਹੋ ਸਕਦੀ ਹੈ ਅਤੇ ਸਾਹ ਲੈਣ 'ਚ ਮਦਦ ਕਰਨ ਵਾਸਤੇ ਐਮਰਜੈਂਸੀ ਅਪਰੇਸ਼ਨ ਦੀ ਲੋੜ ਪੈ ਸਕਦੀ ਹੈ।

Hib ਹਿੱਬ ਇਨਫੈਕਸ਼ਨ ਖੰਘਣ, ਛਿੱਕਣ ਜਾਂ ਮੂੰਹੋਂ ਮੂੰਹੀਂ ਸੰਪਰਕ ਦੁਆਰਾ ਫੈਲਦੀ ਹੈ। ਇਹ ਮੂੰਹ ਵਿਚਲੇ ਪਾਣੀ ਜਾਂ ਥੁੱਕ ਦੁਆਰਾ ਵੀ ਫੈਲ ਸਕਦੀ ਹੈ, ਜਦੋਂ ਲੋਕ ਚੁੰਮਦੇ ਹਨ ਜਾਂ ਭੋਜਨ, ਬਰਤਨ ਅਤੇ ਪੀਣ ਵਾਲੀਆਂ ਚੀਜ਼ਾਂ ਸਾਂਝੀਆਂ ਕਰਦੇ ਹਨ। ਬਾਲ ਅਤੇ ਬੱਚੇ ਹੋਰ ਬੱਚਿਆਂ ਨਾਲ ਸੂਦਰ, ਬੋਤਲਾਂ ਸਾਂਝੇ ਕਰਨ ਜਾਂ ਹੋਰਨਾਂ ਦੁਆਰਾ ਵਰਤੇ ਗਏ ਖਿਡੌਣਿਆਂ ਨਾਲ ਖੇਡਣ ਦੁਆਰਾ ਬੀਮਾਰ ਹੋ ਸਕਦੇ ਹਨ।

Hib ਬੀਮਾਰੀ ਬਚਪਨ ਵੇਲੇ ਦੇ ਬਾਕਾਇਦਾ ਵੈਕਸੀਨੇਸ਼ਨ ਪ੍ਰੋਗਰਾਮਾਂ ਕਾਰਨ ਬੀ.ਸੀ. 'ਚ ਹੁਣ ਬਹੁਤ ਘੱਟ ਹੁੰਦੀ ਹੈ।

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।

BRITISH COLUMBIA The Best Place on Earth | ImmunizeBC | BC Centre for Disease Control AN AGENCY OF THE PROVINCIAL HEALTH SERVICES AUTHORITY